# ਕਾਰਜ ਸੀਟ: ਜੌਹਨਸਨ ਅਤੇ ਜੌਹਨਸਨ

## ਕੋਵਿਡ-19 ਟੀਕੇ ਦੇ ਫਾਇਦੇ ਅਤੇ ਨੁਕਸਾਨ

ਜੌਹਨਸਨ ਅਤੇ ਜੌਹਨਸਨ ਦਾ ਇੱਕ ਖ਼ੁਰਾਕ ਵਾਲਾ ਕੋਵਿਡ 19 ਦਾ ਟੀਕਾ ਜਿਹੜਾ ਤੁਹਾਨੂੰ ਕੋਵਿਡ -19 ਹੋਣ ਤੋਂ ਬਚਾ ਸਕਦਾ ਹੈ, ਨੂੰ ਲਗਵਾਉਣ ਦੇ ਫਾਇਦੇ ਅਤੇ ਨੁਕਸਾਨਾ ਨੂੰ ਸਮਝੋ। ਇਹ ਟੀਕਾ ਲਗਵਾਉਣਾ ਤੁਹਾਡੀ ਆਪਣੀ ਮਰਜ਼ੀ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਟੀਕਾ ਲਾਉਣ ਵਾਲੇ ਪ੍ਰਦਾਤਾ ਨਾਲ ਗੱਲ ਕਰੋ।

### ਇਸ ਟੀਕੇ ਬਾਰੇ: -

ਐਫ. ਡੀ. ਏ. ਨੇ ਕੋਵਿਡ -19 ਦੀ ਸਰਬਵਿਆਪੀ ਮਹਾਂਮਾਰੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਸੰਕਟ ਦੇ ਇਸ ਸਮੇ ਕੋਵਿਡ-19 ਦੇ ਬਾਕੀ ਟੀਕਿਆਂ ਵਾਂਗ, ਇਸ ਟੀਕੇ ਨੂੰ ਵਰਤਣ ਦਾ ਅਧਿਕਾਰ ਦਿੱਤਾ ਹੈ। ਇਹ ਇੱਕੋ ਖ਼ੁਰਾਕ ਵਾਲਾ ਟੀਕਾ ਮਾਸਪੇਸ਼ੀ ਵਿੱਚ ਲਗਾਇਆ ਜਾਂਦਾ ਹੈ।

### ਟੀਕਾ ਲਗਵਾਉਣ ਤੋਂ ਪਹਿਲਾਂ: -

ਟੀਕਾ ਲਾਉਣ ਵਾਲੇ ਪ੍ਰਦਾਤਾ ਨੂੰ ਤੁਹਾਡੀਆਂ ਸਾਰੀਆਂ ਡਾਕਟਰੀ (ਸਿਹਤ) ਹਾਲਾਤਾਂ ਬਾਰੇ ਦੱਸੋ, ਸ਼ਾਮਿਲ ਕਰੋ ਜੇਕਰ ਤੁਹਾਨੂੰ:

· ਕੋਈ ਐਲਰਜੀ ਹੈ।

· ਬੁਖ਼ਾਰ ਹੈ।

· ਖ਼ੂਨ ਚਲਣ ਦੀ ਬਿਮਾਰੀ ਹੈ ਜਾਂ ਖ਼ੂਨ ਪਤਲਾ ਹੋਣ ਦੀ ਦਵਾਈ ਲੈਂਦੇ ਹੋ।

· ਇੱਮੁਨੋਕੋਮਪ੍ਰੋਮਾਈਜ਼ਡ ਹੋ (ਕਮਜ਼ੋਰ ਸੁਰੱਖਿਆ ਸਿਸਟਮ ਹੈ) ਜਾਂ ਦਵਾਈ ਲੈਂਦੇ ਹੋ ਜੋ ਤੁਹਾਡੇ ਸੁਰੱਖਿਆ ਸਿਸਟਮ (ਇੱਮੁਨ ਸਿਸਟਮ) ਨੂੰ ਪ੍ਰਭਾਵਿਤ ਕਰਦੀ ਹੈ।

· ਗਰਭਵਤੀ ਹੋ, ਬੱਚੇ ਨੂੰ ਦੁੱਧ ਚੁੰਘਾਉਂਦੇ ਹੋ, ਜਾਂ ਗਰਭ ਧਾਰਨ ਕਰਣ ਦੀ ਯੋਜਨਾ ਬਣਾ ਰਹੇ ਹੋ।

· ਕੋਵਿਡ -19 ਦਾ ਕੋਈ ਹੋਰ ਟੀਕਾ ਲਗਵਾਇਆ ਹੈ।

### ਤੁਹਾਨੂੰ ਇਹ ਟੀਕਾ ਨਹੀਂ ਲਗਵਾਉਣਾ ਚਾਹੀਦਾ ਜੇ: -

ਤੁਹਾਨੂੰ ਇਸ ਟੀਕੇ ਦੇ ਕਿਸੇ ਵੀ ਹਿੱਸੇ ਤੋਂ ਗੰਭੀਰ ਐਲਰਜਿਕ (ਰਸਾਇਣਕ) ਪ੍ਰਤੀਕ੍ਰਿਆ ਹੋਈ ਸੀ: ਰੀਕੋਮਬਿਨੈਂਟ, ਰੈਪਲੀਕੇਸ਼ਨ-ਇਨਕੌਂਮਪੀਟੈਂਟ ਐਡੀਨੋਵਾਇਰਸ ਕਿਸਮ 26 ਐਕਸਪਰੈਸਿੰਗ ਦਾ ਸਾਰਸ-ਕੋਵੀ -2 ਸਪਾਈਕ ਪ੍ਰੋਟੀਨ, ਸਿਟਰਿਕ ਐਸਿਡ ਮੋਨੋਹਾਈਡ੍ਰੇਟ ਟਰਾਇਸੋਡੀਅਮ ਸਾਇਟਰੇਟ ਡੀਹਾਈਡ੍ਰੇਟ, ਐਥੇਨੌਲ, 2-ਹਾਈਡ੍ਰੋਕਸਾਈਪ੍ਰੋਪਾਈਲ-cy-ਸਾਈਕਲੋਡੈਕਸਟਰਿਨ (ਐਚ.ਬੀ.ਸੀ.ਡੀ.) ਪੋਲੀਸੋਰਬੇਟ -80, ਸੋਡੀਅਮ ਕਲੋਰਾਈਡ।

### ਇਸ ਟੀਕੇ ਦੇ ਫਾਇਦੇ: -

ਚੱਲ ਰਹੀ ਕਲੀਨਿਕਲ ਅਜ਼ਮਾਇਸ਼ ਤੋਂ ਦੇਖਣ ਨੂੰ ਮਿਲਿਆ ਹੈ ਕਿ ਇਸ ਟੀਕੇ ਦੀ ਇੱਕੋ ਖ਼ੁਰਾਕ ਨੇ ਬਿਮਾਰੀ, ਹਸਪਤਾਲ ਵਿੱਚ ਭਰਤੀ ਹੋਣ ਜਾਂ ਕੋਵਿਡ -19 ਨਾਲ ਮੌਤ ਹੋਣ ਤੋਂ ਬਚਾਇਆ ਹੈ। ਕੋਵਿਡ-19 ਤੋਂ ਬਚਾਉ ਦੀ ਮਿਆਦ ਅਜੋਕੇ ਸਮੇਂ ਅਗਿਆਤ ਹੈ।

### ਇਸ ਟੀਕੇ ਨਾਲ ਜੁੜੇ ਹੋਏ ਖ਼ਤਰੇ: -

• **ਆਮ ਬੁਰੇ ਪ੍ਰਭਾਵ**: - ਇਸ ਟੀਕੇ ਨਾਲ ਰਿਪੋਰਟ ਕੀਤੇ ਬੁਰੇ ਪ੍ਰਭਾਵਾਂ ਵਿੱਚ ਸ਼ਾਮਲ- ਟੀਕੇ ਵਾਲੀ ਥਾਂ ਪ੍ਰਤੀਕਰਮ ਅਤੇ ਸਿਰ ਦਰਦ, ਬਹੁਤ ਥਕਾਵਟ ਮਹਿਸੂਸ ਕਰਨਾ, ਮਾਸਪੇਸ਼ੀਆਂ ਵਿੱਚ ਦਰਦ, ਜੀ ਖਰਾਬ ਹੋਣਾ (ਉਲਟੀ ਆਉਣ ਨੂੰ ਹੋਣੀ) ਅਤੇ ਬੁਖਾਰ ਸ਼ਾਮਿਲ ਹਨ।

• **ਗੰਭੀਰ ਐਲਰਜੀ ਪ੍ਰਤੀਕਰਮ**: - ਇਸ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਟੀਕਾ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ ਦਾ ਕਾਰਨ ਬਣ ਸਕੇ (ਸਾਹ ਲੈਣ ਵਿੱਚ ਮੁਸ਼ਕਲ, ਚਿਹਰੇ ਅਤੇ ਗਲੇ ਵਿੱਚ ਸੋਜ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਤੁਹਾਡੇ ਸਾਰੇ ਸਰੀਰ ਉੱਤੇ ਗੰਭੀਰ ਧੱਫੜ, ਚੱਕਰ ਆਉਣੇ, ਕਮਜ਼ੋਰੀ) ਜੋ ਆਮ ਤੌਰ ਤੇ ਖ਼ੁਰਾਕ ਲੈਣ ਤੋਂ ਕੁਝ ਮਿੰਟਾਂ ਤੋਂ ਇਕ ਘੰਟੇ ਬਾਅਦ ਹੁੰਦੀ ਹੈ।

• **ਖ਼ੂਨ ਦੀਆਂ ਗੰਢਾਂ**:- ਦਿਮਾਗ, ਪੇਟ ਅਤੇ ਲੱਤਾਂ ਵਿੱਚ ਸ਼ਾਮਲ ਖ਼ੂਨ ਦੀਆਂ ਨਾੜੀਆਂ ਵਿੱਚ ਖ਼ੂਨ ਦੀਆਂ ਗੰਢਾਂ; ਇਸ ਦੇ ਨਾਲ ਹੀ ਖ਼ੂਨ ਦੇ ਸੈੱਲ ਜੋ ਤੁਹਾਡੇ ਸਰੀਰ ਵਿੱਚੋ ਖ਼ੂਨ ਵਗਣ ਨੂੰ ਰੋਕਣ ਵਿੱਚ ਸਹਾਇਤਾ ਕਰਦੇ ਹਨ ਦੀ ਮਾਤਰਾ ਨੂੰ ਘਟਾਉਣਾ, ਸ਼ਾਇਦ ਕਿਸੇ ਵਿਰਲੇ ਨੂੰ ਹੀ ਉਹਨਾਂ ਲੋਕਾਂ ਵਿੱਚੋਂ ਹੋਇਆ ਹੋਵੇ ਜਿਨ੍ਹਾਂ ਲੋਕਾਂ ਨੇ ਜੌਹਨਸਨ ਅਤੇ ਜੌਹਨਸਨ ਕੋਵਿਡ -19 ਟੀਕਾ ਲਗਵਾਇਆ ਹੈ। ਉਨ੍ਹਾਂ ਲੋਕਾਂ ਵਿੱਚ ਜਿਨ੍ਹਾਂ ਦੇ ਇਹ ਖ਼ੂਨ ਦੀਆਂ ਗੰਢਾਂ ਵਿਕਸਿਤ ਹੋਈਆਂ ਹਨ, ਜ਼ਿਆਦਾਤਰ ਔਰਤਾਂ ਸਨ ਜੋ 50 ਸਾਲ ਤੋਂ ਘੱਟ ਉਮਰ ਦੀਆਂ ਸਨ ਅਤੇ ਲੱਛਣ ਟੀਕਾ ਲਗਵਾਉਣ ਤੋਂ ਲਗਭਗ 1-2 ਹਫ਼ਤਿਆਂ ਬਾਅਦ ਸ਼ੁਰੂ ਹੋਏ ਸਨ। ਜੇਕਰ ਤੁਹਾਨੂੰ ਟੀਕਾ ਲਗਵਾਉਣ ਤੋਂ ਕਈ ਦਿਨਾਂ ਬਾਅਦ ਹੇਠ ਲਿਖਿਆਂ ਵਿੱਚੋਂ ਕੋਈ ਲੱਛਣ ਹੁੰਦੇ ਹਨ ਤਾਂ ਤੁਹਾਨੂੰ ਤੁਰੰਤ ਹੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ : ਸਾਹ ਚੜ੍ਹਨਾ, ਛਾਤੀ ਵਿੱਚ ਦਰਦ, ਲੱਤ ਦੀ ਸੋਜਸ਼ ਲਗਾਤਾਰ ਪੇਟ ਦਰਦ, ਗੰਭੀਰ ਸਿਰ ਦਰਦ ਜਾਂ ਧੁੰਦਲੀ ਨਜ਼ਰ, ਅਸਾਨੀ ਨਾਲ ਨੀਲ ਪੈਣੇ ਜਾਂ ਟੀਕੇ ਦੀ ਜਗ੍ਹਾ ਤੋਂ ਪਰੇ ਚਮੜੀ ਦੇ ਹੇਠਾਂ ਛੋਟੇ ਖ਼ੂਨ ਦੇ ਚਟਾਕ ਹੋਣੇ।

### ਜੇ ਤੁਸੀਂ ਬੁਰੇ ਪ੍ਰਭਾਵਾਂ ਨੂੰ ਅਨੁਭਵ ਕਰਦੇ ਹੋ: -

ਜੇ ਤੁਹਾਨੂੰ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ ਅਨੁਭਵ ਹੁੰਦੀ ਹੈ, ਤਾਂ 9-1-1 ਨੂੰ ਕਾਲ ਕਰੋ, ਜਾਂ ਨੇੜੇ ਦੇ ਹਸਪਤਾਲ ਜਾਓ। ਜੇ ਤੁਹਾਨੂੰ ਕੋਈ ਮਾੜੇ\ਬੁਰੇ ਪ੍ਰਭਾਵ ਹਨ ਜੋ ਤੁਹਾਨੂੰ ਪ੍ਰੇਸ਼ਾਨ ਕਰਦੇ ਹਨ ਜਾਂ ਠੀਕ ਨਹੀਂ ਹੁੰਦੇ ਤਾਂ ਟੀਕਾ ਲਾਉਣ ਵਾਲੇ ਪ੍ਰਦਾਤਾ ਜਾਂ ਆਪਣੇ ਸਿਹਤ ਸੰਭਾਲ ਕਰਣ ਵਾਲੇ ਪ੍ਰਦਾਤਾ ਨੂੰ ਕਾਲ ਕਰੋ।

### ਕੋਵਿਡ -19 ਨੂੰ ਰੋਕਣ ਦੇ ਹੋਰ ਵਿਕਲਪ: -

ਇਹ ਟੀਕਾ ਲਗਵਾਉਣਾ ਤੁਹਾਡੀ ਆਪਣੀ ਇੱਛਾ ਹੈ ਅਤੇ ਇਸ ਨੂੰ ਨਾ ਲਗਵਾਉਣ ਨਾਲ ਤੁਹਾਡੀ ਮਿਆਰੀ ਡਾਕਟਰੀ ਦੇਖਭਾਲ ਨਹੀਂ ਬਦਲੇਗੀ. ਕੋਵਿਡ -19 ਨੂੰ ਰੋਕਣ ਲਈ ਹੋਰ ਟੀਕੇ ਉਪਲੱਬਧ ਹਨ।

ਹੋਰ ਜਾਣਕਾਰੀ ਲਈ
Www.janssencovid19vaccine.com ਜਾਂ
www.cdc.gov/coronavirus ਤੇ ਜਾਓ
ਫ਼ੂਨ ਕਰੋ 1-800-565-4008 ਜਾਂ (908) 455-9922 ਤੇ